ਪੰਜਾਬ ਸਰਕਾਰ
ਵਣ ਅਤੇ ਜੰਗਲੀ ਜੀਵ ਸੁਰੱਖਿਆ ਵਿਭਾਗ
ਦਫਤਰ ਵਣ ਪਾਲ ਸਾਊਥ ਸਰਕਲ
ਸਾਹਮਣੇ ਸੈਂਟਰਲ ਜੇਲ, ਨਾਭਾ ਰੋਡ, ਪਟਿਆਲਾ।
ਨੰ. 5883 ਮਿਤੀ 14/11/19

ਸੇਵਾ ਵਿਖੇ:

ਵਣ ਮੰਡਲ ਅਫਸਰ,
ਮਾਨਸਾ।

ਵਿਸ਼ਾ : **Diversion of 0.616 hec of Forest area in favour of Executive Engineer Construction Division, PWD B&R, Sangrur for Construction of Toll Plaza on Bhawanigarh-Sunam-Bhikhi-Kotshamir Road from RD 48.470 to 49.050 under District Mansa and Forest Division, Mansa (Punjab).**

ਹਵਾਲਾ : ਆਪ ਦੇ ਦਫਤਰ ਦਾ ਪਿੱਠ ਅੰਕਣ ਨੰ: 4773 ਮਿਤੀ 03.10.2019

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਨਿਮਨ ਹਸਤਾਖਰ ਵੱਲੋਂ ਕੇਸ ਦਾ ਮਿਤੀ 8.11.2019 ਨੂੰ ਮੌਕਾ ਚੈਕ ਕੀਤਾ ਗਿਆ। ਮੌਕੇ ਉਪਰ ਕੇਸ ਵਿੱਚ ਜਿਹੜਾ ਵਣ ਰਕਬਾ ਪ੍ਰਭਾਵਿਤ ਹੁੰਦਾ ਹੈ ਉਸ ਤੇ ਕੋਈ ਵੀ ਬੁਰਜੀ ਨਹੀਂ ਲਗਾਈ ਗਈ ਅਤੇ Alignment ਵੀ ਨਹੀਂ ਕੀਤੀ ਗਈ। ਜਿਸ ਨਾਲ ਮੌਕਾ ਚੈਕ ਕਰਨ ਵਿੱਚ ਔਕੜ ਪੇਸ਼ ਆ ਰਹੀ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਪਰੋਕਤ ਕੇਸ ਵਿੱਚ ਪ੍ਰਭਾਵਿਤ ਵਣ ਰਕਬੇ ਵਿੱਚ ਬੁਰਜੀਆਂ ਲਗਾ ਕੇ ਨਿਸ਼ਾਨਦੇਹੀ ਕੀਤੀ ਜਾਵੇ ਅਤੇ In ਅਤੇ Out ਰਸਤਿਆਂ ਨੂੰ ਵੱਖਰਾ-ਵੱਖਰਾ ਦਰਸਾਇਆ ਜਾਵੇ ਅਤੇ ਪੂਰੀ ਤਰ੍ਹਾਂ ਨਾਲ ਨਿਸ਼ਾਨ ਲਗਾ ਕੇ ਸਪੱਸ਼ਟ ਰਿਪੋਰਟ ਇਸ ਦਫਤਰ ਨੂੰ ਕੀਤੀ ਜਾਵੇ ਤਾਂ ਜੋ ਕੇਸ ਸਬੰਧੀ ਅਗਲੇਰੀ ਲੋੜੀਂਦੀ ਕਾਰਵਾਈ ਕੀਤੀ ਜਾ ਸਕੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਵਣ ਪਾਲ ਸਾਊਥ ਸਰਕਲ,
ਪਟਿਆਲਾ।